# India-Bangladesh Foreign Office Consultations

January 29, 2021

---

## ਭਾਰਤ-ਬੰਗਲਾਦੇਸ਼ ਦੇ ਵਿਦੇਸ਼ ਦਫਤਰਾਂ ਦਰਮਿਆਨ ਹੋਏ ਮਸ਼ਵਰੇ

29 ਜਨਵਰੀ, 2021

1. ਭਾਰਤ-ਬੰਗਲਾਦੇਸ਼ ਦੇ ਵਿਦੇਸ਼ ਦਫਤਰਾਂ ਦਰਮਿਆਨ 29 ਜਨਵਰੀ, 2021 ਨੂੰ ਨਵੀਂ ਦਿੱਲੀ ਵਿੱਚ ਮਸ਼ਵਰੇ ਹੋਏ। ਭਾਰਤ ਦੀ ਤਰਫੋਂ ਵਿਦੇਸ਼ ਸਕੱਤਰ ਸ਼੍ਰੀ ਹਰਸ਼ ਵਰਧਨ ਸ਼੍ਰੀਂਗਲਾ ਅਤੇ ਬੰਗਲਾਦੇਸ਼ੀ ਪੱਖ ਤੋਂ ਵਿਦੇਸ਼ ਸਕੱਤਰ ਰਾਜਦੂਤ ਮਸੂਦ ਬਿਨ ਮੋਮੈਨ ਨੇ ਇਸ ਬੈਠਕ ਦੀ ਸਹਿ-ਪ੍ਰਧਾਨਗੀ ਕੀਤੀ।

2. ਬੰਗਲਾਦੇਸ਼ੀ ਵਿਦੇਸ਼ ਸਕੱਤਰ ਦੇ ਨਾਲ ਬੰਗਲਾਦੇਸ਼ੀ ਹਾਈ ਕਮੀਸ਼ਨਰ ਮਹਾਮਹਿਮ ਸ਼੍ਰੀ ਮੁਹੰਮਦ ਇਮਰਾਨ, ਸਕੱਤਰ (ਪੂਰਬ) ਰਾਜਦੂਤ ਮਸ਼ਫ਼ੀ ਸ਼ਮਸ ਅਤੇ ਬੰਗਲਾਦੇਸ਼ ਦੇ ਵਿਦੇਸ਼, ਵਣਜ ਅਤੇ ਜਲ ਸਰੋਤ ਮੰਤਰਾਲਿਆਂ ਦੇ ਪ੍ਰਤੀਨਿਧੀ ਵੀ ਸਨ। ਭਾਰਤੀ ਵਫਦ ਵਿੱਚ ਵਿਦੇਸ਼, ਗ੍ਰਹਿ, ਵਣਜ ਅਤੇ ਉਦਯੋਗ, ਜਲ ਸ਼ਕਤੀ ਅਤੇ ਵਿੱਤ ਮੰਤਰਾਲਿਆਂ ਦੇ ਨੁਮਾਇੰਦੇ ਸ਼ਾਮਲ ਸਨ।

3. ਦੋਵਾਂ ਪੱਖਾਂ ਨੇ COVID -19 ਬਾਰੇ ਸਹਿਯੋਗ, ਵਪਾਰ, ਸੰਪਰਕ, ਵਿਕਾਸ ਵਿੱਚ ਭਾਈਵਾਲੀ, ਬਿਜਲੀ, ਊਰਜਾ ਅਤੇ ਜਲ ਸਰੋਤਾਂ, ਖੇਤਰੀ ਅਤੇ ਬਹੁਪੱਖੀ ਸਹਿਯੋਗ ਦੇ ਨਾਲ-ਨਾਲ ਸਰਹੱਦੀ ਪ੍ਰਬੰਧਨ, ਸੁਰੱਖਿਆ ਅਤੇ ਰੱਖਿਆ ਸਹਿਯੋਗ ਸਮੇਤ ਦੁਵੱਲੇ ਸਬੰਧਾਂ ਵਿਚ ਹੋਏ ਤਰੱਕੀ ਦੀ ਵਿਆਪਕ ਸਮੀਖਿਆ ਕੀਤੀ। ਇਸ ਗੱਲਬਾਤ ਦੌਰਾਨ ਮਾਰਚ 2021 ਵਿੱਚ ਹੋਣ ਵਾਲੀ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਢਾਕਾ ਦੀ ਫੇਰੀ ਦੀਆਂ ਤਿਆਰੀਆਂ ਅਤੇ ਕੂਟਨੀਤਿਕ ਸਬੰਧਾਂ ਦੀ 50ਵੀਂ ਵਰੇਗੰਢ ਦੇ ਯਾਦਗਾਰੀ ਸਮਾਗਮਾਂ ਉੱਤੇ ਵੀ ਵਿਚਾਰ ਵਟਾਂਦਰੇ ਕੀਤੇ ਗਏ।

4. ਦੋਵਾਂ ਧਿਰਾਂ ਨੇ COVID -19 ਨਾਲ ਜੁੜੇ ਮੁੱਦਿਆਂ 'ਤੇ ਨੇੜਲੇ ਸਹਿਯੋਗ ਦੀ ਸ਼ਲਾਘਾ ਕੀਤੀ, ਜਿਸ ਅੰਦਰ ਭਾਰਤ ਦੀ ਗੁਆਂਢੀ ਪਹਿਲਾਂ ਦੀ ਨੀਤੀ ਹੇਠ ਬੰਗਲਾਦੇਸ਼ ਨੂੰ ਤੋਹਫੇ ਵਜੋਂ ਭੇਜੀਆਂ ਗਈਆਂ COVISHIELD ਟੀਕਿਆਂ ਦੀਆਂ 20 ਲੱਖ ਖੁਰਾਕਾਂ ਵੀ ਸ਼ਾਮਲ ਹਨ।

5. ਬੰਗਲਾਦੇਸ਼ ਦੀ ਆਜ਼ਾਦੀ ਦੀ 50 ਵੀਂ ਵਰ੍ਹੇਗੰਢ, ਦੁਵੱਲੇ ਕੂਟਨੀਤਕ ਸੰਬੰਧਾਂ ਦੀ ਸਥਾਪਨਾ ਦੀ 50ਵੀਂ ਵਰੇਗੰਢ ਅਤੇ ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਦੀ ਜਨਮ ਸ਼ਤਾਬਦੀ ਦੇ ਪ੍ਰਸੰਗ ਵਿੱਚ 2021 ਦੀ ਮਹੱਤਤਾ ਦੇ ਮੱਦੇਨਜ਼ਰ ਦੋਵਾਂ ਧਿਰਾਂ ਨੇ ਇਹ ਵਰੇਗੰਢਾਂ ਸਾਂਝੇ ਤੌਰ 'ਤੇ ਮਨਾਉਣ ਲਈ ਮੌਜੂਦਾ ਤਾਲਮੇਲ ਨੂੰ ਹੋਰ ਮਜ਼ਬੂਤ ਕਰਨ ਦਾ ਫੈਸਲਾ ਕੀਤਾ। ਇਸ ਸਬੰਧ ਵਿੱਚ ਦੋਵਾਂ ਧਿਰਾਂ ਨੇ 2021 ਦੀ ਗਣਤੰਤਰ ਦਿਵਸ ਪਰੇਡ ਵਿੱਚ ਬੰਗਲਾਦੇਸ਼ ਦੀ ਟਰਾਈ ਸਰਵਿਸ ਕੰਟੀਨਜੇਂਟ ਦੁਆਰਾ ਮਾਰਚ ਵਿੱਚ ਹਿੱਸਾ ਲੈਣ ਦੀ ਸ਼ਲਾਘਾ ਕੀਤੀ। ਦੋਵਾਂ ਧਿਰਾਂ ਨੇ 1971 ਦੀ ਬੰਗਲਾਦੇਸ਼ ਦੀ ਆਜ਼ਾਦੀ ਦੀ ਜੰਗ ਦੌਰਾਨ ਭਾਰਤੀ ਅਤੇ ਬੰਗਲਾਦੇਸ਼ੀ ਫੌਜਾਂ ਅਤੇ ਲੋਕਾਂ ਦੇ ਸੰਘਰਸ਼ਾਂ ਅਤੇ ਕੁਰਬਾਨੀਆਂ ਬਾਰੇ ਦੋਵਾਂ ਦੇਸ਼ਾਂ ਦੀਆਂ ਮੌਜੂਦ ਪੀੜ੍ਹੀਆਂ ਨੂੰ ਯਾਦ ਦਿਵਾਉਣ ਵਿੱਚ ਇਸ ਸਮਾਗਮ ਦੀ ਮਹੱਤਤਾ ਬਾਰੇ ਕਿਹਾ।

6. ਇਸ FOCP ਦੌਰਾਨ COVID -19 ਦੇ ਬਾਵਜੂਦ ਲਗਾਤਾਰ ਜਾਰੀ ਦੁਵੱਲੇ ਆਦਾਨ-ਪ੍ਰਦਾਨ ਦੀ ਰਫਤਾਰ 'ਤੇ ਤਸੱਲੀ ਪ੍ਰਗਟਾਈ ਗਈ। ਦੋਨਾਂ ਵਫ਼ਦਾਂ ਨੇ 17 ਦਸੰਬਰ, 2020 ਦੇ ਵਰਚੁਅਲ ਸੰਮੇਲਨ ਤੋਂ ਬਾਅਦ ਹੋਈਆਂ ਤਾਜ਼ਾ ਮੀਟਿੰਗਾਂ ਵੱਲ ਧਿਆਨ ਦਿੱਤਾ - 22-26 ਦਸੰਬਰ ਨੂੰ ਗੁਵਾਹਾਟੀ ਵਿਖੇ ਹੋਈ 51ਵੀਂ BSF- BGB ਦੇ ਡਾਇਰੈਕਟਰ ਜਨਰਲ ਪੱਧਰ ਦੀ ਗੱਲਬਾਤ, 6 ਜਨਵਰੀ, 2021 ਨੂੰ ਸਾਂਝਾ ਨਦੀਆਂ ਕਮੀਸ਼ਨ ਦੀ ਤਕਨੀਕੀ ਪੱਧਰੀ ਮੀਟਿੰਗ, 12 ਜਨਵਰੀ, 2021 ਨੂੰ ਹੋਇਆ ਪੁਲਿਸ ਮੁਖੀਆਂ ਦਾ ਸੰਵਾਦ ਅਤੇ 23 ਜਨਵਰੀ, 2021 ਨੂੰ ਬਿਜਲੀ ਦੇ ਖੇਤਰ ਵਿੱਚ ਸਹਿਯੋਗ ਬਾਰੇ ਹੋਈ 19ਵੀਂ ਸਕੱਤਰ ਪੱਧਰੀ ਸਾਂਝਾ ਨਿਰਦੇਸ਼ਕ ਕਮੇਟੀ ਦੀ ਮੀਟਿੰਗ। ਦੂਜਾ ਭਾਰਤ-ਬੰਗਲਾਦੇਸ਼ ਕੌਂਸਲਰ ਸੰਵਾਦ ਨਵੀਂ ਦਿੱਲੀ ਵਿੱਚ 28 ਜਨਵਰੀ, 2021 ਨੂੰ ਹੋਇਆ। ਦੋਵਾਂ ਧਿਰਾਂ ਨੇ ਮਾਰਚ, 2021 ਦੇ ਸਿਖਰ ਸੰਮੇਲਨ ਤੋਂ ਪਹਿਲਾਂ ਗ੍ਰਹਿ ਸਕੱਤਰ ਪੱਧਰ ਦੀ ਅਗਲੀ ਗੱਲਬਾਤ, ਵਣਜ ਸਕੱਤਰ ਪੱਧਰ ਦੀ ਅਗਲੀ ਗੱਲਬਾਤ ਅਤੇ ਸਾਂਝਾ ਨਦੀ ਕਮੀਸ਼ਨ ਦੀ ਸਕੱਤਰ ਪੱਧਰੀ ਅਗਲੀ ਮੀਟਿੰਗ ਕਰਾਉਣ ਬਾਰੇ ਸਹਿਮਤੀ ਦਿੱਤੀ।

7. ਦੁਵੱਲੇ ਸਹਿਯੋਗ ਦੀ ਲਗਾਤਾਰ ਚੱਲ ਰਹੀ ਰਫ਼ਤਾਰ ਅਤੇ ਲੋਕ ਪੱਧਰੀ ਸਬੰਧਾਂ ਨੂੰ ਕਾਇਮ ਰੱਖਣ 'ਤੇ ਵੀ ਸਹਿਮਤੀ ਦਿੱਤੀ ਗਈ। ਇਸ ਸਬੰਧ ਵਿੱਚ ਦੋਵਾਂ ਧਿਰਾਂ ਨੇ ਏਅਰ ਟਰੈਵਲ ਬੱਬਲ ਪ੍ਰਬੰਧਨ ਦੇ ਨਵਿਆਏ ਜਾਣ ਉੱਤੇ ਤੱਸਲੀ ਪ੍ਰਗਟ ਕੀਤੀ, ਜਿਸ ਨਾਲ ਦੋਵਾਂ ਮੁਲਕਾਂ ਦਰਮਿਆਨ ਲੋੜੀਂਦੀ ਯਾਤਰਾ ਸੁਖਾਲੀ ਹੋ ਸਕੇਗੀ।

8. ਦੋਵਾਂ ਧਿਰਾਂ ਨੇ ਦੁਵੱਲੀ ਵਿਕਾਸ ਭਾਈਵਾਲੀ ਵਿਚ ਲਾਈਨਜ਼ ਆਫ਼ ਕ੍ਰੈਡਿਟ ਨੂੰ ਤੇਜ਼ੀ ਨਾਲ ਲਾਗੂ ਕਰਨ ਦੀ ਮਹੱਤਤਾ ਬਾਰੇ ਕਿਹਾ। ਇਸ ਗੱਲ 'ਤੇ ਤਸੱਲੀ ਜ਼ਾਹਰ ਕਰਦੇ ਹੋਏ ਕਿ ਉੱਚ ਪੱਧਰੀ ਵਿਕਾਸ ਭਾਈਵਾਲੀ ਨਿਗਰਾਨੀ ਤੰਤਰ ਜਨਵਰੀ 3, 2021 ਨੂੰ ਹੋਈ ਪਹਿਲੀ ਮੀਟਿੰਗ ਵਿੱਚ ਹੀ ਸ਼ੁਰੂ ਹੋ ਗਿਆ ਸੀ, ਦੋਵਾਂ ਧਿਰਾਂ ਨੇ ਪੈਸੇ ਦੀ ਵਰਤੋਂ ਨੂੰ ਵਧਾਉਣ ਅਤੇ ਪ੍ਰਵਾਨਗੀ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਅਤੇ ਤੇਜ਼ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

9. ਰਾਜਦੂਤ ਮਸੂਦ ਬਿਨ ਮੋਮੈਨ ਨਵੀਂ ਦਿੱਲੀ ਵਿਚ ਆਪਣੀ ਰਿਹਾਇਸ਼ ਦੌਰਾਨ ਬੰਗਬੰਧੂ - ਬਾਪੂ ਡਿਜੀਟਲ ਪ੍ਰਦਰਸ਼ਨੀ ਵੇਖਣਗੇ, ਜੋ ਇਸ ਸਮੇਂ ਵਿਗਿਆਨ ਭਵਨ ਵਿਖੇ ਚੱਲ ਰਹੀ ਹੈ ਅਤੇ ਸੁਸ਼ਮਾ ਸਵਰਾਜ ਇੰਸਟੀਚਿਊਟ ਆਫ ਫੌਰਨ ਸਰਵਿਸ ਵਿਖੇ ਭਾਰਤੀ ਵਿਦੇਸ਼ੀ ਸੇਵਾ ਅਫਸਰ ਸਿਖਿਆਰਥੀਆਂ ਨਾਲ ਗੱਲਬਾਤ ਕਰਨਗੇ।

ਨਵੀਂ ਦਿੱਲੀ
29 ਜਨਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.